# ਕਲਾ ਦੇ ਝਰੋਖੇ ਤੋਂ

**'ਬਾਜ਼' ਨਾਵਲ 'ਤੇ ਇਕ ਮਿਸਾਲੀ ਗੋਸ਼ਟੀ :** ਬੀਰਇੰਦਰ ਸਿੰਘ ਢਿੱਲੋਂ ਦਾ ਨਾਵਲ 'ਬਾਜ਼' ਪਿਛਲੇ 5-6 ਮਹੀਨਿਆਂ ਦਰਮਿਆਨ ਸਾਹਿਤਕ ਹਲਕਿਆਂ ਵਿਚ ਬਹੁਤ ਚਰਚਿਤ ਹੈ। ਇਹਦੀ ਪਹਿਲੀ ਐਡੀਸ਼ਨ ਥੋੜ੍ਹੇ ਸਮੇਂ ਵਿਚ ਹੀ ਮੁੱਕਣ ਤੋਂ ਬਾਅਦ ਦੂਜੀ ਐਡੀਸ਼ਨ ਦਾ ਆਣਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਸਾਡੇ ਲੋਕਾਂ ਵਿਚ ਪਿਛਲੇ 12 ਸਾਲ ਦਾ ਇਤਿਹਾਸ ਸਾਰਿਆਂ ਨਾਲੋਂ ਮਹੱਤਵਪੂਰਨ ਵਿਸ਼ਾ ਹੈ। ਇਹ ਨਾਵਲ ਕਿਉਂਕਿ ਇਸ ਇਤਿਹਾਸ ਨੂੰ ਗਲਪ ਵਿਧਾ ਵਿਚ ਟਿੱਪਣੀਆਂ ਸਮੇਤ ਪੇਸ਼ ਕਰਦਾ ਹੈ, ਇਸ ਲਈ ਇਹ ਸਾਰੇ ਵਰਗਾਂ ਦੇ ਲੋਕਾਂ ਨੂੰ ਖਿੱਚ ਪਾਉਂਦਾ ਹੈ। ਇਸ ਨਾਵਲ 'ਤੇ ਇਕ ਮਿਸਾਲੀ ਗੋਸ਼ਟੀ 8 ਜਨਵਰੀ 1995 ਪੰਜਾਬੀ ਲੋਕ ਲਿਖਾਰੀ ਮੰਚ ਵਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਰਗਰਮ ਸਹਿਯੋਗ ਨਾਲ ਬਟਾਲਾ ਵਿਖੇ ਹੋਈ। । ਗੋਸ਼ਟੀ ਵਿਚ ਡਾ. ਅਨੂਪ ਸਿੰਘ ਨੇ ਪਰਚਾ ਪੜ੍ਹਿਆ 'ਦਹਿਸ਼ਤਗਰਦ ਬਾਜ਼ ਨਹੀਂ ਸਨ।' ਨਾਵਲ ਦਾ ਲੇਖਕ ਵੀ ਉਥੇ ਆਪ ਹਾਜ਼ਰ ਸੀ। ਇਸ ਗੋਸ਼ਟੀ ਨੂੰ ਮਿਸਾਲੀ ਗੋਸ਼ਟੀ ਤਾਂ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਉਤੇ ਜਿਹੜਾ ਪੇਪਰ ਪੜ੍ਹਿਆ ਗਿਆ ਉਹ ਵੀ ਬੇਬਾਕ ਹੋ ਕੇ ਨਾਵਲ 'ਤੇ ਟਿੱਪਣੀ ਕਰਦਾ ਸੀ ਅਤੇ ਨਾਵਲ ਦੇ ਖਰਚੇ ਉਤੇ ਜਿਹੜੀ ਬਹਿਸ 3 ਘੰਟੇ ਚੱਲੀ ਉਹ ਵੀ ਬੇਬਾਕ ਤਰੀਕੇ ਨਾਲ ਹੀ ਚੱਲੀ। ਪੰਜਾਬ ਮਸਲੇ ਬਾਰੇ ਵੱਖ ਵੱਖ ਵਿਚਾਰ ਜਿਹੜੇ ਸੁਣਨ ਨੂੰ ਮਿਲੇ ਉਹ ਅਸਲ ਸ਼ਬਦਾਂ ਵਿਚ ਪੰਜਾਬ ਦੇ ਜਨਸਮੂਹ ਦੇ ਵਿਚਾਰਾਂ ਦੀ ਤਰਜਮਾਨੀ ਕਰਦੇ ਸਨ। ਪਰਚੇ ਅਤੇ ਬਹਿਸ ਵਿਚ ਜਿਹੜੇ ਨੁਕਤੇ ਉਭਰਕੇ ਆਏ ਉਹ ਸੰਖੇਪ ਤੌਰ 'ਤੇ ਹੇਠ ਲਿਖੇ ਅਨੁਸਾਰ ਬਿਆਨ ਕੀਤੇ ਜਾ ਸਕਦੇ ਹਨ-ਪੰਜਾਬ ਦੁਖਾਂਤ ਦੀਆਂ ਠੋਸ ਪ੍ਰਸਥਿਤੀਆਂ ਵਿਚ ਉਹ ਕਿਹੜੇ ਕਾਰਨ ਸਨ ਕਿ ਗਦਰੀ ਸੂਰਬੀਰ ਅਤੇ ਬੱਬਰਾਂ ਦੀ ਔਲਾਦ, ਦੇਸ਼ ਭਗਤ ਪੰਜਾਬੀਆਂ ਦੇ ਮੁੰਡੇ ਅਮਰੀਕਾ ਤੇ ਪਾਕਿਸਤਾਨ ਦੇ ਏਜੰਟ ਬਣ ਗਏ ? ਇਸ ਦਾ ਜ਼ਿੰਮੇਵਾਰ ਕੌਣ ਸੀ , ਕੀ ਪੰਜਾਬੀ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬਾ ਸਮੇਂ ਸਿਰ ਨਾ ਬਣਾਉਣਾ, ਪੰਜਾਬ ਦੀ ਰਾਜਧਾਨੀ ਬਾਰੇ ਫੈਸਲਾ ਨਾ ਕਰਨਾ, ਗੁਆਂਢੀ ਸੂਬਿਆਂ ਵਿਚ ਪੰਜਾਬੀ ਨੂੰ ਯੋਗ ਥਾਂ ਨਾ ਦੇਣਾ, ਦਰਿਆਈ ਪਾਣੀਆਂ ਦੀ ਤਰਕ-ਸੰਗਤ ਵੰਡ ਨਾ ਹੋਣ ਦੇਣੀ, ਏਸ਼ੀਆਈ ਖੇਡਾਂ ਵਿਚ ਜਾ ਰਹੇ ਸਿੱਖਾਂ ਦੀ ਹਰਿਆਣਾ ਵਿਚ ਜਾਣ-ਬੁੱਝਕੇ ਬੇਇੱਜ਼ਤੀ, ਅਪਰੇਸ਼ਨ ਨੀਲਾ ਤਾਰਾ, ਦਿੱਲੀ ਦੰਗੇ, ਰਾਜੀਵ ਲੌਂਗੋਵਾਲ ਸਮਝੌਤੇ ਦੀ ਮਿੱਟੀ ਪਲੀਤ ਕਰਨੀ, ਕੀ ਇਹਦੇ ਲਈ ਅਮਰੀਕਾ ਅਤੇ ਪਾਕਿਸਤਾਨ ਨੂੰ ਦੋਸ਼ੀ ਠਹਿਰਾਈਏ ? ਨਾਵਲ ਵਿਚ ਇਹ ਘਾਟ ਹੈ ਕਿ ਉਹ ਦਹਿਸ਼ਤਗਰਦਾਂ ਵਲੋਂ ਕੀਤੇ ਅਣਮਨੁੱਖੀ ਵਰਤਾਰੇ ਦੀ ਨਿਖੇਧੀ ਨਹੀਂ ਕਰਦਾ-ਦਹਿਸ਼ਤਗਰਦ ਹੀਰੋ ਨਹੀਂ ਸਨ, ਉਨਾਂ ਦੇ ਅਣਮਨੁੱਖੀ ਵਰਤਾਰੇ ਕਰਕੇ ਪੰਜਾਬੀ ਭਾਈਚਾਰੇ ਨੂੰ ਐਸਾ ਘਾਟਾ ਪਿਆ ਹੈ, ਜਿਹੜਾ ਸਾਲਾਂ ਤਕ ਪੂਰਾ ਨਹੀਂ ਹੋ ਸਕਦਾ। ਭਾਵੇਂ ਬੇਅੰਤ ਸਿੰਘ ਲੱਖ ਦਾਅਵਾ ਕਰੇ ਕਿ ਪੰਜਾਬ ਵਿਚ ਅਮਨ-ਅਮਾਨ ਹੋ ਗਿਆ ਹੈ ਪਰ ਪੰਜਾਬ ਦਾ ਮਸਲਾ ਉਥੇ ਦਾ ਉਥੇ ਖੜ੍ਹਾ ਹੈ। ਲੋੜ ਇਹ ਹੈ ਕਿ ਪੰਜਾਬ ਮਸਲੇ ਦਾ ਸਹੀ ਪ੍ਰੀਪੇਖ ਵਿਚ ਵਿਸ਼ਲੇਸ਼ਣ ਕੀਤਾ ਜਾਏ, ਅੱਜ ਬਾਦਲ ਟੌਹੜਾ ਦੀ ਏਕਤਾ, ਅਕਾਲ ਤਖਤ ਦੀ ਸਰਵਉਚਤਾ ਆਦਿਕ ਅਸਲੀ ਮਸਲੇ ਨਹੀਂ ਸਗੋਂ ਅਸਲੀ ਮਸਲਾ ਉਨ੍ਹਾਂ ਸਾਜ਼ਿਸ਼ਾਂ ਨੂੰ ਸਮਝਣਾ ਹੈ ਜੋ ਉਤਲੇ ਲੋਕ ਸਾਧਾਰਨ ਲੋਕਾਂ ਨੂੰ ਭੰਬਲਭੂਸਿਆਂ ਵਿਚ ਪਾਉਣ ਲਈ ਰਚਦੇ ਰਹਿੰਦੇ ਹਨ। ਲੇਖਕ ਨੇ ਸਪਸ਼ਟ ਕੀਤਾ ਕਿ ਬਾਜ਼ ਦਾ ਪ੍ਰਤੀਕ ਉਸ ਸਾਜ਼ਿਸ਼ੀ ਬਾਜ਼ ਤੋਂ ਲਿਆ ਗਿਆ ਹੈ ਜੋ ਇਕ ਸਾਜ਼ਿਸ਼ ਅਧੀਨ ਹਰ ਰੋਜ਼ ਅਕਾਲ ਤਖਤ 'ਤੇ ਵੇਖਿਆ ਜਾਂਦਾ ਰਿਹਾ ਹੈ।

ਸਾਹਿਤ ਵੱਧ ਤੋਂ ਵੱਧ ਲੋਕਾਂ ਨੂੰ ਸਿਆਣਾ ਬਣਾਏ ਇਹ ਵਾਦਵਿਵਾਦਕ ਗੋਸ਼ਟੀ ਇਸ ਨਿਸ਼ਾਨੇ ਨੂੰ ਪੂਰਾ ਕਰਦੀ ਸੀ। ਪੰਜਾਬੀ ਲੋਕ ਲਿਖਾਰੀ ਮੰਚ ਬਟਾਲਾ ਨੇ ਇਹ ਗੋਸ਼ਟੀ ਕਰਵਾ ਕੇ ਅਤੇ ਅੱਠਵੇਂ ਸਾਲਾਨਾ ਸਮਾਗਮ 'ਤੇ ਇਸ ਗੋਸ਼ਟੀ ਦੇ ਨਾਲ ਹੀ ਇਕ ਹੋਣਹਾਰ ਕਵਿੱਤਰੀ ਕੁਮਾਰੀ ਕੁਲਜੀਤ, ਸ਼ਿਆਮ ਸੁੰਦਰ ਅਗਰਵਾਲ ਅਤੇ ਕੰਵਰ

ਇਤਿਹਾਸ ਵਿਚ ਬਹੁਤ ਸਾਰੀਆਂ ਐਸੀਆਂ ਘਟਨਾਵਾਂ ਹਨ, ਜਿਨ੍ਹਾਂ ਨੇ ਪੰਜਾਬ ਦੇ ਲੋਕਾਂ ਦੀ ਮਾਨਸਿਕਤਾ ਬਦਲਣ ਵਿਚ ਵੱਡਾ ਹਿੱਸਾ ਪਾਇਆ ਹੈ। 1699 ਦੀ ਵਿਸਾਖੀ 'ਤੇ ਗੁਰੂ ਗੋਬਿੰਦ ਸਿੰਘ ਵਲੋਂ ਅੰਮ੍ਰਿਤ ਛਕਾ ਕੇ ਖਾਲਸੇ ਦੀ ਸਿਰਜਣਾ ਇਕ ਮਹੱਤਵਪੂਰਨ ਘਟਨਾ ਹੈ। ਉਨ੍ਹਾਂ ਨੇ ਪਹਿਲਾਂ ਆਪਣੇ ਸਿੰਘਾਂ ਦੀ ਪਰਖ ਕੀਤੀ, ਇਕ ਬਾਟੇ ਵਿਚ ਅੰਮ੍ਰਿਤ ਛਕਾ ਕੇ ਜਾਤਪਾਤ ਦੇ ਫਰਕ ਨੂੰ ਮਿਟਾਉਣ ਦੀ ਨੀਂਹ ਰੱਖੀ, ਆਪਣੇ ਸਿੱਖਾਂ ਨੂੰ ਇਕ ਅਨੁਸ਼ਾਸਨ ਦਿੱਤਾ ਅਤੇ ਜ਼ੁਲਮ ਦੇ ਖਿਲਾਫ ਤੇਗ ਚੁੱਕਣ ਦਾ ਰਾਹ ਦੱਸਿਆ। ਇਸ ਮਾਨਸਿਕਤਾ ਦੇ ਹਾਂਪੱਖੀ ਪਹਿਲੂ ਹਨ ਕਿ ਪੰਜਾਬ ਦੇ ਲੋਕ ਮੁਸ਼ਕਿਲਾਂ ਵੇਲੇ ਵੀ ਚੜ੍ਹਦੀਆਂ ਕਲਾ ਵਿਚ ਰਹਿੰਦੇ ਹਨ ਤੇ ਸੂਰਮਗਤੀ ਦੀਆਂ ਨਵੀਆਂ ਤੋਂ ਨਵੀਆਂ ਮਿਸਾਲਾਂ ਕਾਇਮ ਕਰਦੇ ਹਨ। ਨਾਂਹਪੱਖੀ ਪਹਿਲੂ ਇਹ ਹਨ ਜਦੋਂ ਇਹ ਸਮਝਦੇ ਹਨ ਕਿ ਉਹ ਹੀ ਸੂਰਮੇ ਹਨ, ਬਾਕੀ ਮੱਖੀ ਮੱਛਰ ਹਨ। ਇਹ ਅਭਿਮਾਨ ਫੇਰ ਉਨ੍ਹਾਂ ਕੋਲੋਂ ਗੈਰਇਨਸਾਨੀ ਹਰਕਤਾਂ ਵੀ ਕਰਵਾਉਂਦਾ ਹੈ। ਪੰਜਾਬ ਦਾ ਸਮਕਾਲੀ ਇਤਿਹਾਸ ਇਸ ਦਾ ਗਵਾਹ ਹੈ। ਨਾਟਕ ਤਬੈ ਰੋਸ ਜਾਗਿਯੋ ਮੇਰੇ ਇਤਿਹਾਸਕ ਨਾਟਕਾਂ ਦੀ ਲੜੀ ਵਿਚ ਨਵਾਂ ਨਾਟਕ ਹੈ, ਜੋ ਗੁਰਪੁਰਬ ਵਾਲੇ ਦਿਨ 7 ਜਨਵਰੀ 1995 ਨੂੰ ਫਿਰੋਜ਼ਪੁਰ ਦੇ ਮਾਲਵਾ ਖਾਲਸਾ ਹਾਇਰ ਸੈਕੰਡਰੀ ਸਕੂਲ ਵਿਚ ਵਿਸ਼ਾਲ ਹਾਜ਼ਰੀ ਵਿਚ ਖੇਡਿਆ ਗਿਆ। ਇਸ ਨਾਟਕ ਵਿਚ 17-19 ਵੀਂ ਸਦੀ ਦੀ ਇਕ ਵੀਰ ਗਾਥਾ ਨੂੰ ਆਧਾਰ ਬਣਾ ਕੇ ਸਮਕਾਲੀ ਸਥਿਤੀ 'ਤੇ ਟਿੱਪਣੀ ਕੀਤੀ ਹੈ। ਮੇਰੀ ਇਹ ਧਾਰਨਾ ਹੈ ਤੇ ਫਿਕਰ ਵੀ ਹੈ, ਜੇਕਰ ਸੰਘਰਸ਼ ਸਫਲ ਨਹੀਂ ਹੁੰਦਾ ਤਾਂ ਉਹਦੇ ਕਾਰਨ ਲੱਭੇ ਜਾਣ, ਇਹ ਨਾ ਹੋਵੇ ਕਿ ਸੰਘਰਸ਼ ਕਰਨ ਦੀ ਰਵਾਇਤ ਨੂੰ ਹੀ ਤਿਆਗ ਦਿੱਤਾ ਜਾਵੇ। ਪਿਛਲੇ 12 ਸਾਲਾਂ ਦੇ ਇਤਿਹਾਸ ਵਿਚ ਪੰਜਾਬੀਆਂ ਨੇ ਇਕ ਸੰਤਾਪ ਭੋਗਿਆ ਹੈ। ਸਮੂਹ ਲੋਕਾਂ ਦੇ ਨਾਲ ਨਾਲ ਸਾਡੀਆਂ ਧੀਆਂ, ਭੈਣਾਂ ਨੂੰ ਇਹਦਾ ਵਿਸ਼ੇਸ਼ ਦੁਖ ਭੋਗਣਾ ਪਿਆ ਹੈ। ਗੁੰਮਰਾਹ ਹੋਏ ਨੌਜਵਾਨਾਂ ਨੇ ਵੀ ਉਨ੍ਹਾਂ ਦੀ ਇਜ਼ਤ ਨਾਲ ਖੇਡਿਆ ਹੈ ਤੇ ਸਕਿਉਰਿਟੀ ਫੋਰਸ ਦੇ ਵਿਅਕਤੀਆਂ ਨੇ ਵੀ ਉਨ੍ਹਾਂ 'ਤੇ ਪੂਰੀ ਤਰ੍ਹਾਂ ਜ਼ੁਲਮ ਢਾਹਿਆ ਹੈ। ਇਸ ਨਾਟਕ ਵਿਚ ਨੌਸ਼ਹਿਰਾ·ਕਸਬੇ ਦੀ ਇਕ ਸਾਧਾਰਨ ਔਰਤ ਨੇ ਸਿੰਘਾਂ (ਅਸਲੀ ਸਿੰਘਾਂ) ਦੀ ਸੂਰਮਗਤੀ ਤੋਂ ਪ੍ਰੇਰਤ ਹੋ ਕੇ ਜ਼ਾਲਮ ਹਾਕਮ ਨਾਲ ਟੱਕਰ ਲਈ ਅਤੇ ਤੇਗ ਬਹਾਦਰ ਦੀ ਫਤਿਹ ਦੇ ਸਿਧਾਂਤ ਨੂੰ ਅਮਲੀ ਰੂਪ ਦਿੱਤਾ। ਸਾਡੀ ਕਲਾਕਾਰ ਅਨੀਤਾ ਭਾਰਦਵਾਜ ਨੇ ਇਹ ਭੂਮਿਕਾ ਬੜੇ ਸ਼ਕਤੀਸ਼ਾਲੀ ਤਰੀਕੇ ਨਾਲ ਨਿਭਾਈ। ਨਾਟਕ ਦਾ ਅੰਤ ਕਥਾਕਾਰ ਦੀ ਇਸ ਟਿੱਪਣੀ ਨਾਲ ਹੁੰਦਾ ਹੈ ਕਿ ਪੰਜਾਬ ਦੀ ਧਰਤੀ ਦੇ ਇਤਿਹਾਸ ਵਿਚ ਸੂਰਮਗਤੀ ਤੋਂ ਪ੍ਰੇਰਿਤ ਇਸ ਔਰਤ ਨੇ ਇਕ ਹੋਰ ਕਾਂਡ ਲਿਖਿਆ ਹੈ। ਔਰਤਾਂ ਕਿਸੇ ਅਮਲ ਵਿਚ ਮਰਦਾਂ ਨਾਲੋਂ ਪਿੱਛੇ ਨਹੀਂ, ਸਾਡਾ ਇਤਿਹਾਸ ਇਹਦੀ ਸ਼ਾਹਦੀ ਭਰਦਾ ਹੈ। ਇਹ ਵਰਤਾਰਾ ਆਪਣੇ ਆਪ ਵਿਚ ਉਸ ਸੋਚਣੀ ਨੂੰ ਵੀ ਚੁਣੌਤੀ ਦਿੰਦਾ ਹੈ ਜਦੋਂ ਸਮਾਜ ਵਿਚ ਨਵੇਂ ਨਵੇਂ ਟੈਸਟ ਕਰਵਾਕੇ ਬੇਟੀਆਂ ਨੂੰ ਗਰਭ ਵਿਚ ਹੀ ਖਤਮ ਕਰਨ ਦਾ ਰਿਵਾਜ ਵੇਖਣ ਵਿਚ ਆ ਰਿਹਾ ਹੈ। ਇਹ ਰਿਵਾਜ ਹਰ ਹਾਲਤ ਵਿਚ ਬੰਦ ਹੋਣਾ ਚਾਹੀਦਾ ਹੈ। ਇਹ ਮਨੁੱਖਤਾ ਦੀ ਮੰਗ ਹੈ-ਨਾਟਕ ਬਹੁਤ ਸਾਰੇ ਸਮਕਾਲੀ ਮਸਲਿਆਂ ਨੂੰ ਪ੍ਰਸੰਗਤ ਕਰਦਾ ਹੈ, ਇਹ ਇਹਦੀ ਸਫਲਤਾ ਹੈ।

**ਸਭਿਆਚਾਰ ਨੂੰ ਦਰਪੇਸ਼ ਖਤਰੇ :** 8 ਜਨਵਰੀ 1995 ਦੇ ਪੰਜਾਬੀ ਟ੍ਰਿਬਿਊਨ ਵਿਚ ਪ੍ਰੋ. ਬ੍ਰਹਮਜਗਦੀਸ਼ ਦਾ ਲੇਖ 'ਪੰਜਾਬੀ ਸਮਾਜ ਦੇ ਅੰਤਰ ਵਿਰੋਧ' ਅਤੇ ਡਾ. ਤਾਰਾ ਸਿੰਘ ਸੰਧੂ ਦਾ ਲੇਖ 'ਉਭਰ ਰਹੀ ਪੰਜਾਬੀਅਤ ਨੂੰ ਖੁੰਢਾ ਕਰਨ ਦੇ ਯਤਨ' ਆਏ ਹਨ। ਦੋਨੋਂ ਲੇਖ ਬੜੇ ਹੀ ਮਹੱਤਵਪੂਰਨ ਸਵਾਲ ਉਠਾਉਂਦੇ ਹਨ। ਲੋੜ ਹੈ ਦੋਵੇਂ ਕੇਂਦਰੀ ਪੰਜਾਬੀ ਲੇਖਕ ਸਭਾਵਾਂ, ਪਲਸ ਮੰਚ ਅਤੇ ਹੋਰ ਲੋਕਪੱਖੀ ਸਾਹਿਤਕ ਅਤੇ ਸਭਿਆਚਾਰਕ ਸੰਸਥਾਵਾਂ ਇਸ ਸਵਾਲ ਦੇ ਰੂਬਰੂ ਹੋਣ ਕਿ ਲੋਕ ਦੋਖੀ ਸਭਿਆਚਾਰਕ ਗਤੀਵਿਧੀਆਂ ਨੂੰ ਕਿਸ ਤਰ੍ਹਾਂ